# ਇਕ ਬਾਬਾ Lyrics in Punjabi

ਆ ਕੇ ਵਸਿਆ ਇੱਕੋ ਦਿਲਾਂ ਵਿੱਚ ਸਭਨਾਂ ਦੇ
ਧਰਤੀ ਅੰਬਰ ਪਾਣੀ ਅਗਨੀ ਪਵਨਾਂ ਦੇ
ਮਾਲਕ ਖੰਡ ਬ੍ਰਹਿਮੰਡ ਤੇ ਲੋਕ ਪਾਤਾਲਾਂ ਦੇ
ਇਹਦੀ ਬਾਣੀ ਦੇ ਵਿੱਚ ਉੱਤਰ ਸਭ ਸਵਾਲਾਂ ਦੇ
ਭਰਤਲਿਰਿਕਸ.ਕੱਮ
ਕਿੱਸੇ ਨਾ ਕੋਈ ਇਸ ਤੋਂ ਉੱਚੇ ਪੀਰ ਦੇ
ਮੈਂ ਵਾਰੇ ਜਾਵਾਂ ਨਾਨਕ ਸ਼ਾਹ ਫਕੀਰ ਦੇ

ਇਕ ਓਅੰਕਾਰ ਦਾ ਹੋਕਾ ਸਭ ਨੂੰ ਦੇਂਦਾ ਏ
ਇੱਕ ਨਿਗਾਹ ਨਾਲ ਹਰ ਮਜ਼ਹਬ ਨੂੰ ਵੇਹੰਦਾ ਏ
ਸੱਚ ਦਾ ਰਾਹੀ ਸੱਚ ਦੀ ਬਾਣੀ ਬੋਲਦਾ
ਲੈ ਕੇ ਤੱਕੜੀ ਤੇਰਾਂ ਤੇਰਾਂ ਤੋਲਦਾ
ਚੋਜ ਨਿਆਰੇ ਭੈਣ ਨਾਨਕੀ ਵੀਰ ਦੇ
ਮੈਂ ਵਾਰੇ ਜਾਵਾਂ ਨਾਨਕ ਸ਼ਾਹ ਫਕੀਰ ਦੇ

ਉੱਚੇ ਛੱਡ ਕੇ ਨੀਂਵੇਆਂ ਦੇ ਨਾਲ ਬਹਿੰਦਾ ਏ
ਵੰਡ ਕੇ ਛਕਦਾ ਕਿਰਤੀ ਬਣ ਕੇ ਰਹਿੰਦਾ ਏ
ਰੱਖਦਾ ਲਾਜ ਜੇ ਦਰ ਤੇ ਆ ਕੋਈ ਢਹਿੰਦਾ ਏ
ਤੇਰਾ ਭਾਣਾ ਮੀਠਾ ਮੂੰਹੋਂ ਕਹਿੰਦਾ ਏ
ਕਲਮ ਇਹਦੀ ਵਿੱਚ ਜ਼ੋਰ ਜਿੰਨਾਂ ਸ਼ਮਸ਼ੀਰ ਦੇ
ਮੈਂ ਵਾਰੇ ਜਾਵਾਂ ਨਾਨਕ ਸ਼ਾਹ ਫਕੀਰ ਦੇ.

*More Lyrics from Rubai Music*